# ਨਿਸ਼ਕਰਸ਼

"ਪੰਜਾਬ ਦੇ ਲੋਕ ਧਰਮ : ਪੂਜਾ ਵਿਧੀਆਂ ਦਾ ਮਾਨਵ ਸ਼ਾਸਤਰੀ ਅਧਿਐਨ (ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਦੇ ਵਿਸ਼ੇਸ਼ ਸੰਦਰਭ ਵਿਚ)" ਵਿਸ਼ੇ ਨਾਲ ਸੰਬੰਧਿਤ ਇਸ ਸ਼ੋਧ-ਪ੍ਰਬੰਧ ਵਿਚ ਲੋਕ ਧਰਮ ਦੇ ਸਿਧਾਂਤਕ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਪੰਜਾਬ ਦੇ ਲੋਕ ਧਰਮ ਦੇ ਪਰਾਇਤਿਹਾਸਕ ਅਤੇ ਇਤਿਹਾਸਕ ਸੰਦਰਭਾਂ ਉੱਤੇ ਵਿਚਾਰ ਕਰਨ ਉਪਰੰਤ ਲੋਕ ਧਰਮ ਦੀਆਂ ਪੂਜਾ ਵਿਧੀਆਂ ਦਾ ਮਾਨਵ ਸ਼ਾਸਤਰੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਅਤੇ ਖੋਜ ਦੇ ਉਪਰੋਕਤ ਤਿੰਨਾਂ ਪੱਖਾਂ ਨਾਲ ਸੰਬੰਧਿਤ ਜੋ ਮੁੱਖ ਸਥਾਪਨਾਵਾਂ ਬਣਾਈਆਂ ਗਈਆਂ ਹਨ ਉਨ੍ਹਾਂ ਦਾ ਸਾਰ ਅਸੀਂ ਇਥੇ ਦੇ ਰਹੇ ਹਾਂ।

ਲੋਕ ਧਰਮ ਦੇ ਸਿਧਾਂਤਕ ਪੱਖਾਂ ਬਾਰੇ ਚਰਚਾ ਕਰਨ ਅਤੇ ਪੰਜਾਬ ਦੇ ਲੋਕ ਧਰਮ ਦੇ ਮਾਨਵ ਸ਼ਾਸਤਰੀ ਸੰਦਰਭਾਂ ਦੀ ਨਿਸ਼ਾਨਦੇਹੀ ਕਰਨ ਲਈ ਅਸੀਂ ਲੋਕ ਧਰਮ ਅਤੇ ਪੰਜਾਬ ਦੀ ਸੰਸਕ੍ਰਿਤੀ ਬਾਰੇ ਪੱਛਮੀ ਅਤੇ ਭਾਰਤੀ ਮਾਨਵ ਵਿਗਿਆਨੀਆਂ ਵਲੋਂ ਕੀਤੇ ਗਏ ਖੋਜ ਕਾਰਜਾਂ ਨੂੰ ਆਧਾਰ ਬਣਾਇਆ ਹੈ। ਇਸ ਅਧਿਐਨ ਵਿਚ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਬਾਕੀ ਲੋਕ ਧਰਮਾਂ ਵਾਂਗ ਹੀ ਪੰਜਾਬ ਦੇ ਲੋਕ ਧਰਮ ਦਾ ਆਧਾਰ ਜਾਦੂ ਚਿੰਤਨ ਦੀ ਕਾਰਜ ਪ੍ਰਕਿਰਿਆ ਹੈ। ਇਸ ਲਈ ਪੰਜਾਬ ਦੇ ਲੋਕ ਧਰਮ ਦੀਆਂ ਪੂਜਾ ਵਿਧੀਆਂ ਦੇ ਮਾਨਵ ਸ਼ਾਸਤਰੀ ਅਧਿਐਨ ਦੇ ਸਿਧਾਂਤਕ ਆਧਾਰਾਂ ਨੂੰ ਸਮਝਣ ਲਈ ਸਾਨੂੰ ਜਾਦੂ ਚਿੰਤਨ ਦੀ ਕਾਰਜ ਪ੍ਰਕਿਰਿਆ, ਆਦਿਮ ਮਨ ਅਤੇ ਉਸ ਦੀ ਪ੍ਰਕਿਰਤੀ ਪ੍ਰਤੀ ਪਹੁੰਚ ਨੂੰ, ਉਸਦੇ ਪ੍ਰਕਿਰਤਕ ਚੌਗਿਰਦੇ ਵਿਚ, ਉਸ ਦੀ ਜੀਵ ਮੂਲਕ ਹੋਂਦ ਦੇ ਮਸਲਿਆਂ ਸਮੇਤ ਸਮਝਣਾ ਲੋੜੀਂਦਾ ਹੈ।

ਮਨੁੱਖ ਨੇ ਪ੍ਰਕਿਰਤੀ ਵਿਚ ਰਹਿੰਦਿਆਂ ਪ੍ਰਕਿਰਤੀ ਨੂੰ ਆਪਣੇ ਅਨੁਕੂਲ ਢਾਲਣ ਲਈ ਜਿਥੇ ਇਕ ਪਾਸੇ ਪਦਾਰਥਕ ਪੱਖੋਂ ਹੀਲੇ ਵਸੀਲੇ ਜੁਟਾਉਣੇ ਅਰੰਭੇ, ਉਥੇ ਉਸ ਨੇ ਪ੍ਰਕਿਰਤੀ ਦੀ

ਫਰੇਜ਼ਰ ਦਾ ਵਿਚਾਰ ਹੈ ਕਿ ਆਦਿਮ ਮਨੁੱਖ ਦਾ ਜਾਦੂ ਚਿੰਤਨ ਦੋ ਧਾਰਨਾਵਾਂ ਉਤੇ ਆਧਾਰਤ ਹੈ। ਪਹਿਲੀ ਧਾਰਨਾਂ ਇਹ ਹੈ ਕਿ ਆਦਿਮ ਮਨੁੱਖ ਮੰਨਦਾ ਹੈ ਕਿ ਕਾਰਜ ਸੰਬੰਧ ਨਿਸ਼ਚਿਤ ਹਨ। ਇਸ ਲਈ ਸਮ ਤੋਂ ਸਮ ਦੀ ਉਤਪਤੀ ਹੁੰਦੀ ਹੈ, ਭਾਵ ਜੇ ਕਾਰਨ ਇਕਸਾਰ ਹੋਣਗੇ ਤਾਂ ਲਾਜ਼ਮੀ ਹੀ ਅਸਰ ਵੀ ਇਕਸਾਰ ਹੋਣਗੇ। ਇਸ ਨੂੰ ਸਹਿ ਤੋਂ ਸਹਿ ਦੀ ਉਤਪਤੀ ਕਿਹਾ ਗਿਆ ਹੈ। ਦੂਸਰਾ ਨੇਮ ਹੈ ਸੰਪਰਕ ਦਾ ਸੂਤਰ। ਇਸ ਅਨੁਸਾਰ ਜੇ ਦੋ ਚੀਜ਼ਾਂ ਕਿਸੇ ਵੇਲੇ ਇਕੱਠੀਆਂ ਰਹੀਆਂ ਹੋਣ ਤਾਂ ਉਨ੍ਹਾਂ ਦੇ ਵੱਖ ਹੋਣ ਤੋਂ ਬਾਅਦ ਵੀ ਉਨ੍ਹਾਂ ਵਿਚ ਇਕ ਰਹੱਸਮਈ ਸਾਂਝ ਬਣੀ ਰਹਿੰਦੀ ਹੈ। ਫਰੇਜ਼ਰ ਨੇ ਇਸ ਨੂੰ ਸੰਪਰਕ ਜਾਂ ਨੇੜਤਾ ਦਾ ਸਿਧਾਂਤ ਕਿਹਾ ਹੈ।

ਫਰੇਜ਼ਰ ਦਾ ਮੱਤ ਹੈ ਕਿ ਜਾਦੂ ਦੀ ਸਾਰੀ ਪ੍ਰਕਿਰਿਆ ਸਹਾਨਭੂਤੀ ਦੇ ਨਿਯਮਾਂ ਉਤੇ ਆਧਾਰਤ ਹੈ। ਉਪਰੋਕਤ ਦੋਵੇਂ ਨੇਮ ਇਕ ਦੂਸਰੇ ਦੇ ਪੂਰਕ ਹਨ। ਇਨ੍ਹਾਂ ਨਿਯਮਾਂ ਅਨੁਸਾਰ ਦੋ ਵਸਤਾਂ ਜਾਂ ਵਰਤਾਰੇ ਜਾਂ ਤਾਂ ਸਮਰੂਪਤਾ (similarity) ਦੇ ਆਧਾਰ ਉੱਤੇ ਇਕ ਦੂਜੇ ਨਾਲ ਜੁੜੇ ਹੋਏ ਹੋਣ ਕਾਰਨ ਜਾਂ ਫਿਰ ਸੰਪਰਕ (contact or contagion) ਦੀ ਸਾਂਝ ਰਹੀ ਹੋਣ ਸਦਕਾ ਰਹੱਸਮਈ ਸਹਾਨਭੂਤੀ ਦੀ ਸਾਂਝ ਰੱਖਦੇ ਹਨ। ਇਹ ਰਹੱਸਮਈ ਸਾਂਝ ਅਦਿੱਖ ਅਤੇ ਅਪ੍ਰਗਟ ਰਹਿੰਦੀ ਹੈ। ਜਾਦੂਗਰ ਇਸ ਸਾਂਝ ਕਾਰਨ ਟੂਣੇ ਦਾ ਕਰਮਕਾਂਡ ਰਚਾਉਂਦਾ ਹੈ। ਫਰੇਜ਼ਰ ਅਨੁਸਾਰ ਜਾਦੂ ਦੋ ਤਰ੍ਹਾਂ ਦਾ ਹੈ: ਨਕਲ ਜਾਦੂ ਅਤੇ ਸਪਰਸ਼ ਜਾਦੂ।

ਜਾਦੂ ਦਾ ਮੂਲ ਸਿਧਾਂਤ ਮਨੁੱਖ ਵੱਲੋਂ ਆਪਣੀ ਲੋੜ ਅਤੇ ਇੱਛਾ ਅਨੁਸਾਰ ਪ੍ਰਕਿਰਤੀ ਨੂੰ ਆਦੇਸ਼ ਦੇ ਕੇ ਵਸ ਵਿਚ ਕਰਨ ਦਾ ਅਸਫ਼ਲ ਯਤਨ ਹੈ। ਜਾਦੂ ਪ੍ਰਕਿਰਤੀ ਨੂੰ ਵਸ ਵਿਚ ਕਰਨ ਦਾ ਭੁਲੇਖਾ ਸਿਰਜਦਾ ਹੈ। ਇਸ ਦੀ ਵਾਸਤਵਿਕਤਾ ਦੇ ਅਨੁਭਵ ਵਿਚ ਅਸਫ਼ਲ ਰਹਿਣ ਤੋਂ ਬਾਅਦ, ਸਭਿਅਤਾ ਦੇ ਅਗਲੇ ਪੜਾਵਾਂ ਉਤੇ, ਆਦਿਮ ਮਨੁੱਖ ਨੂੰ ਜਾਦੂ ਦੀ ਸੀਮਾਂ ਦਾ ਅਹਿਸਾਸ ਹੁੰਦਾ ਹੈ। ਸੋ ਜਾਦੂ ਇਕ ਅਜੇਹੀ ਸ਼ਕਤੀ ਵਜੋਂ ਹੋਂਦ ਵਿਚ ਆਇਆ ਜਿਹੜਾ ਰਹੱਸਮਈ ਵਿਧੀਆਂ ਅਤੇ ਕਰਮਕਾਂਡਾਂ ਦੁਆਰਾ ਆਦਿਮ ਮਨੁੱਖ ਵੱਲੋਂ ਵਰਤੀ ਜਾਂਦੀ ਰਹੀ ਹੈ। ਇਸ ਗੱਲ ਬਾਰੇ ਬਹੁਤੇ ਮਾਨਵ ਵਿਗਿਆਨੀ ਇਕਮੱਤ ਹਨ ਕਿ ਜਾਦੂ ਅਤੇ ਮਿਥ ਦਾ ਉਦੈ

ਭਿੰਨ, ਭਿੰਨ ਵਰਤਾਰਿਆਂ ਨੂੰ ਕੰਟਰੋਲ ਕਰਦੀ ਹੈ। ਹੌਲੀ ਹੌਲੀ ਹਰ ਵਰਤਾਰੇ ਦੀ ਸੰਚਾਲਕ ਸ਼ਕਤੀ ਨੂੰ ਉਸ ਨੇ ਪੂਜਣਾ ਆਰੰਭ ਕਰ ਦਿੱਤਾ। ਇਸ ਤਰ੍ਹਾਂ ਪ੍ਰਕਿਰਤੀ ਦਾ ਮਾਨਵੀਕਰਣ ਤੋਂ ਅੱਗੇ ਦੈਵੀਕਰਨ ਹੋਣਾ ਸ਼ੁਰੂ ਹੋ ਗਿਆ। ਮਨੁੱਖ ਨੇ ਕੁਦਰਤ ਦੀ ਹਰ ਸ਼ਕਤੀ ਵਿਚ ਵੱਖੋ-ਵੱਖਰੇ ਦੇਵਤਿਆਂ ਦੀ ਸ਼ਕਤੀ ਨੂੰ ਸਵੀਕਾਰ ਕਰ ਲਿਆ। ਰਿਗਵੇਦ ਵਿਚ ਇਸੇ ਪ੍ਰਕਾਰ ਦੇ ਪ੍ਰਕਿਰਤਕ ਸ਼ਕਤੀਆਂ ਦੇ ਦੇਵਤਿਆਂ ਦੀ ਸੰਕਲਪਨਾ ਮਿਲਦੀ ਹੈ। ਜਾਦੂ ਦੇ ਧਰਮ ਵਿਚ ਪਰਿਵਰਤਿਤ ਹੋਣ ਦਾ ਇਹ ਪ੍ਰਮੁੱਖ ਸਿਧਾਂਤ ਹੈ।

ਧਰਮ ਦੇ ਆਰੰਭ ਨਾਲ ਪਰਾਮਨੁੱਖੀ ਸ਼ਕਤੀ ਜਾਂ ਦੇਵਤੇ ਦੀ ਪੂਜਾ ਹੋਣ ਲੱਗੀ ਅਤੇ ਜਾਦੂਗਰ ਦੀ ਥਾਂ ਧਰਮ ਦੇ ਪੁਜਾਰੀ ਜਾਂ ਪੁਰੋਹਿਤ ਨੇ ਲੈ ਲਈ। ਸੋ ਇਹ ਪਰਾਮਨੁੱਖੀ ਮਾਨਵੀਕ੍ਰਿਤ ਹੋ ਕੇ ਦੇਵਤਾ ਬਣ ਗਈ। ਹੌਲੀ ਹੌਲੀ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਧਰਮ ਚਿੰਤਨ ਵਿਚ ਰੂਪਾਂਤਰਤ ਹੁੰਦੀਆਂ ਗਈਆਂ। ਪਿਤਰਾਂ ਦੀਆਂ ਰੂਹਾਂ ਦਾ ਵਿਸ਼ਵਾਸ ਨਵੇਂ ਅਰਥਾਂ ਵਿਚ ਜੀਵ ਆਤਮਾਵਾਂ ਨਾਲ ਜੁੜ ਗਿਆ। ਲੋਕ ਧਰਮ ਦਾ ਪੂਰਾ ਵਿਸਤਾਰ ਲੋਕ ਸੰਸਕ੍ਰਿਤੀ ਦੇ ਆਧਾਰ ਉਤੇ ਹੁੰਦਾ ਗਿਆ। ਜਾਦੂ ਚਿੰਤਨ ਵੇਲੇ ਦੇ ਟੋਟਮ ਅਤੇ ਟੈਬੂ, ਧਰਮ ਅਤੇ ਗੋਤ ਦੇ ਰੂਪ ਵਿਚ ਬਦਲ ਕੇ ਪ੍ਰਚਲਿਤ ਹੋ ਗਏ। ਜਾਦੂ ਚਿੰਤਨ ਵੇਲੇ ਦੇ ਲੋਕ ਵਿਸ਼ਵਾਸ ਨਵੀਆਂ ਸਥਿਤੀਆਂ ਵਿਚ ਨਵੇਂ ਢੰਗ ਨਾਲ ਪ੍ਰਚਲਿਤ ਰਹੇ। ਲੋਕ ਮਨ ਦੀਆਂ ਬੁਨਿਆਦੀ ਪ੍ਰਵਿਰਤੀਆਂ ਅਤੇ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਉਤੇ ਲੋਕ ਧਰਮ ਦਾ ਪੂਰਾ ਪ੍ਰਬੰਧ ਹੋਂਦ ਵਿਚ ਆ ਗਿਆ। ਲੋਕ ਧਰਮ ਦੇ ਇਸ ਪ੍ਰਬੰਧ ਵਿਚ ਰੀਤਾਂ-ਰਸਮਾਂ, ਲੋਕ-ਵਿਸ਼ਵਾਸ, ਜਾਦੂ-ਟੂਣੇ, ਟੋਟਮ ਤੇ ਟੈਬੂ, ਲੋਕ ਚਿਕਿਤਸਾ, ਲੋਕ ਸਿਆਣਪਾਂ ਅਤੇ ਨਵੇਂ ਮਿਥਿਕ ਵਿਸ਼ਵਾਸ ਸਥਾਪਤ ਹੋ ਗਏ।

ਇਸ ਤਰ੍ਹਾਂ ਜਾਦੂ ਚਿੰਤਨ ਦੀ ਕਾਰਜ ਪ੍ਰਕਿਰਿਆ ਲੋਕ ਧਰਮ ਦੇ ਅੰਗਾਂ ਅਤੇ ਪੱਖਾਂ ਵਿਚ ਸਮਾ ਗਈ। ਸੋ ਲੋਕ ਧਰਮ ਦੇ ਚਿੰਤਨ ਦਾ ਆਧਾਰ ਆਤਮਸ਼ੀਲ ਚਿੰਤਨ, ਟੂਣਾ ਚਿੰਤਨ ਅਤੇ ਪ੍ਰਤੀਰੂਪਕ ਚਿੰਤਨ ਬਣ ਗਏ। ਲੋਕ ਧਰਮ ਵਿਚ ਆਸਥਾ ਰੱਖਣ ਵਾਲਾ ਪੰਜਾਬੀ ਲੋਕ ਮਨ ਵਸਤਾਂ ਅਤੇ ਵਰਤਾਰਿਆਂ ਦੀ ਰਹੱਸਮਈ ਹੋਂਦ ਨੂੰ ਮੰਨ ਕੇ ਚਲਦਾ ਹੈ। ਲੋਕ ਮਨ ਵਿਚ

ਹਨ। ਲੋਕ ਧਰਮ ਦੇ ਪੂਜਾ ਇਸ਼ਟ ਸਭ ਦੇ ਸਾਂਝੇ ਹੁੰਦੇ ਹਨ। ਲੋਕ ਧਰਮ ਵਿਚ ਲਚਕੀਲਾਪਨ ਹੁੰਦਾ ਹੈ। ਲੋਕ ਧਰਮ ਪਰਿਵਰਤਨਸ਼ੀਲ ਵਰਤਾਰਾ ਹੈ।

ਲੋਕ ਧਰਮ ਅਤੇ ਧਰਮ ਵਿਚ ਭਾਵੇਂ ਬਹੁਤ ਸਾਰੀਆਂ ਸਮਾਨਤਾਵਾਂ ਹਨ ਪਰ ਦੋਹਾਂ ਵਿਚ ਆਧਾਰਗਤ ਅੰਤਰ ਮੌਜੂਦ ਹਨ। ਇਹਨਾਂ ਵਿਚ ਇਤਿਹਾਸਕ, ਸਮਾਜਕ, ਸੰਸਥਾਗਤ ਅਤੇ ਸੰਰਚਨਾਤਮਕ ਪੱਧਰਾਂ ਉੱਤੇ ਵੀ ਮੂਲ ਨਿਖੇੜਾ ਕੀਤਾ ਜਾ ਸਕਦਾ ਹੈ ਕਿਉਂਕਿ ਧਰਮ ਅਤੇ ਲੋਕ ਧਰਮ ਵਿਚ ਬੁਨਿਆਦੀ ਸੁਭਾਅ ਦਾ ਅੰਤਰ ਸਭ ਤੋਂ ਮਹੱਤਵਪੂਰਨ ਹੈ।

ਲੋਕ ਧਰਮ ਦਾ ਚਿੰਤਨੀ ਆਧਾਰ ਜਾਦੂ ਚਿੰਤਨ ਹੈ। ਜਦੋਂ ਕਿ ਵਸ਼ਿਸ਼ਟ ਧਰਮ ਕਿਸੇ ਨਾ ਕਿਸੇ ਦਾਰਸ਼ਨਿਕ ਸਿਧਾਂਤਾਂ ਉੱਤੇ ਕੇਂਦਰਤ ਹੁੰਦਾ ਹੈ। ਲੋਕ ਧਰਮ ਦਾ ਆਧਾਰ ਟੋਟਮ ਅਤੇ ਟੈਬੂ (ਮਾਨਤਾਵਾਂ ਅਤੇ ਵਰਜਨਾਵਾਂ) ਦੀ ਕਾਰਜ ਪ੍ਰਕਿਰਿਆ ਉੱਤੇ ਆਧਾਰਤ ਹੈ ਜਦੋਂ ਕਿ ਇਹ ਮਾਨਤਾਵਾਂ ਸੰਬੰਧਿਤ ਧਰਮ ਦੀ ਸੰਸਥਾਗਤ ਪੱਧਰ ਉੱਤੇ ਆਧਾਰਤ ਹੁੰਦੀਆਂ ਹਨ। ਦੋਹਾਂ ਵਿਚ ਮਨੁੱਖ ਦੀ ਸਥਿਤੀ, ਜੀਵਨ ਮੂਲਕ ਹੋਂਦ ਅਤੇ ਜੀਵਨ ਬਾਰੇ ਸਮਝ ਸੰਬੰਧੀ ਅੰਤਰ ਹਨ। ਲੋਕ ਧਰਮ ਵਿਚ ਟੂਣਾ, ਮੰਤਰ ਅਤੇ ਕਰਮਕਾਂਡ ਆਦੇਸ਼ਮੂਲਕ (Directions) ਪ੍ਰਵਿਰਤੀ ਦੇ ਧਾਰਨੀ ਹੁੰਦੇ ਹਨ ਜਦੋਂ ਕਿ ਵਸ਼ਿਸ਼ਟ ਧਰਮ ਪ੍ਰਾਥਨਾਵਾਂ (Prayers) ਉੱਤੇ ਆਧਾਰਤ ਹੁੰਦਾ ਹੈ।

ਲੋਕ ਧਰਮ ਦਾ ਜਨਮ ਜਾਦੂ ਚਿੰਤਨ ਦੀਆਂ ਲੋਕ ਰੂੜ੍ਹੀਆਂ ਵਿਚੋਂ ਹੋਇਆ ਹੈ ਜੋ ਪ੍ਰਕਿਰਤੀ ਦੇ ਆਦਿ ਰੂਪਾਂ ਦੀ ਪੂਜਾ ਅਰਚਨਾ ਨਾਲ ਸੰਬੰਧਿਤ ਹਨ। ਇਸ ਤਰ੍ਹਾਂ ਲੋਕ ਧਰਮ ਆਦਿ ਧਰਮ ਦਾ ਵਾਰਿਸ ਹੈ। ਜਿਸ ਦੀਆਂ ਜੜ੍ਹਾਂ ਪ੍ਰਕਿਰਤੀ ਪੂਜਾ ਵਿਚ ਹਨ। ਲੋਕ ਧਰਮ ਪੂਰਵ ਇਤਿਹਾਸਕ ਕਾਲ ਤੋਂ ਨਿਰੰਤਰ ਰੂਪ ਵਿਚ ਚੱਲਦਾ ਆ ਰਿਹਾ ਹੈ ਜਦੋਂ ਕਿ ਵਸ਼ਿਸ਼ਟ ਧਰਮ ਦਾ ਆਰੰਭ ਕਿਸੇ ਨਾ ਕਿਸੇ ਵਿਸ਼ੇਸ਼ ਇਤਿਹਾਸਕ ਕਾਲ ਤੋਂ ਹੁੰਦਾ ਹੈ।

ਵਸ਼ਿਸ਼ਟ ਧਰਮ ਦਾ ਜਨਮ ਉਦੋਂ ਹੋਇਆ ਹੈ ਜਦੋਂ ਮਨੁੱਖ ਨੇ ਇਸ ਮਹਾਂ ਦ੍ਰਿਸ਼ਟੀ ਨੂੰ ਸਿਰਜਿਆ ਕਿ ਪ੍ਰਕਿਰਤੀ ਅਤੇ ਮਨੁੱਖ ਤੋਂ ਪਾਰ ਕੋਈ ਇਕ ਕੇਂਦਰੀ ਸੱਤਾ ਕਾਰਜਸ਼ੀਲ ਹੈ ਜਿਹੜੀ ਇਸ ਸ੍ਰਿਸ਼ਟੀ ਨੂੰ ਚਲਾ ਰਹੀ ਹੈ। ਇਸ ਲਈ ਵਸ਼ਿਸ਼ਟ ਧਰਮ ਵਿਚ ਮਨੁੱਖ ਇਸ ਜੀਵਨ

ਲੋਕ ਧਰਮ ਲੌਕਿਕਤਾ ਕੇਂਦਰਤ ਹੁੰਦਾ ਹੈ ਜਦੋਂ ਕਿ ਵਸ਼ਿਸ਼ਟ ਧਰਮ ਪਰਾਲੌਕਿਕਤਾ ਕੇਂਦਰਤ। ਲੋਕ ਧਰਮ ਦੇ ਮੂਲ ਸਰੋਕਾਰ ਜੀਵਨ ਵਿਚ ਖੁਸ਼ਹਾਲੀ, ਧੰਨ ਅਤੇ ਸੁੱਖਾਂ ਦੀ ਪ੍ਰਾਪਤੀ, ਬਿਮਾਰੀ ਤੋਂ ਮੁਕਤੀ, ਔਲਾਦ ਦੀ ਪ੍ਰਾਪਤੀ, ਖ਼ੇਤੀ ਦੀ ਪ੍ਰਫੁੱਲਤਾ, ਪਸ਼ੂਆਂ ਦਾ ਵਾਧਾ ਆਦਿ ਹੁੰਦੇ ਹਨ। ਭਾਵ ਲੋਕ ਧਰਮ ਵਿਚ ਇਸ ਲੋਕ ਦੇ ਸੁੱਖਾਂ ਦੀ ਪ੍ਰਾਪਤੀ ਅਤੇ ਦੁੱਖ ਤੋਂ ਮੁਕਤੀ ਉੱਤੇ ਜ਼ੋਰ ਹੁੰਦਾ ਹੈ ਪਰ ਵਸ਼ਿਸ਼ਟ ਧਰਮ ਵਿਚ ਅਗਲੇ ਲੋਕ ਵਿਚ ਸੁਰਗ ਦੀ ਪ੍ਰਾਪਤੀ ਮੁੱਖ ਹੁੰਦੀ ਹੈ। ਇਸ ਵਿਚ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਦੀ ਕਾਮਨਾ ਵੀ ਕਿਸੇ ਕੇਂਦਰੀ ਸੱਤਾ ਭਾਵ ਰੱਬ ਕੋਲੋਂ ਕੀਤੀ ਜਾਂਦੀ ਹੈ।

ਲੋਕ ਧਰਮ ਲੋਕ ਧਾਰਾ ਦਾ ਪ੍ਰਮੁੱਖ ਅੰਗ ਹੈ। ਪੰਜਾਬ ਦਾ ਸਭਿਆਚਾਰ, ਲੋਕਧਾਰਾ ਅਤੇ ਲੋਕ ਧਰਮ ਸਿੰਧ ਘਾਟੀ ਦੀ ਸਭਿਅਤਾ ਦੇ ਵਾਰਸ ਹਨ। ਪੰਜਾਬ ਦੇ ਲੋਕ ਧਰਮ ਦੀਆਂ ਬਹੁਤ ਸਾਰੀਆਂ ਰੂੜ੍ਹੀਆਂ ਪਰਾਇਤਿਹਾਸਕ ਕਾਲ ਦੇ ਪੁਰਾਤੱਤਵੀ ਸੰਦਰਭਾਂ ਨਾਲ ਸੰਬੰਧਿਤ ਹਨ। ਇਸ ਤਰ੍ਹਾਂ ਪੰਜਾਬ ਦੇ ਲੋਕ ਧਰਮ ਦੀਆਂ ਜੜ੍ਹਾਂ ਪੰਜਾਬੀ ਲੋਕਾਂ ਦੇ ਧੁਰ ਅਤੀਤ ਵਿਚ ਪਈਆਂ ਹਨ। ਪੰਜਾਬ ਦੇ ਲੋਕ ਧਰਮ ਦੀ ਰਚਨਾ ਵਿਚ ਫੈਸਲਾਕੁੰਨ ਧਿਰ ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਸਥਿਤੀ ਅਤੇ ਰਮਣੀਕ ਵਾਤਾਵਰਨ ਰਹੇ ਹਨ। ਮਾਨਵੀ ਵਸੇਬੇ ਦੇ ਅਨੁਕੂਲ ਜੀਵਨ ਸਥਿਤੀਆਂ ਸਦਕਾ ਪੰਜਾਬ ਦੀ ਧਰਤੀ ਆਦਿ ਕਾਲ ਤੋਂ ਹੀ ਵੱਖ-ਵੱਖ ਰੰਗਾਂ, ਨਸਲਾਂ, ਜਾਤੀਆਂ ਦੇ ਲੋਕਾਂ ਦਾ ਸਥਾਈ ਵਸੇਬਾ ਬਣਦੀ ਰਹੀ ਹੈ। ਪੰਜਾਬ ਦੇ ਲੋਕ ਧਰਮ ਦੀ ਨਿਰਮਾਣਕਾਰੀ ਵਿਚ, ਇਸ ਨਸਲੀ ਮਿਸ਼ਰਣ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਪੰਜਾਬ ਦਾ ਲੋਕ ਧਰਮ ਪ੍ਰਾਚੀਨ ਹੀ ਨਹੀਂ ਸਗੋਂ ਇਸ ਦੀ ਪਰੰਪਰਾ ਵਿਚ ਕਦੇ ਕੋਈ ਇਤਿਹਾਸਕ ਪਾੜਾ ਨਹੀਂ ਪਿਆ। ਇਸ ਲਈ ਪੰਜਾਬ ਦੇ ਲੋਕ ਧਰਮ ਦੀ ਪਰੰਪਰਾ ਵਿਚ ਇਨ੍ਹਾਂ ਸਭਨਾਂ ਦੇ ਅਵਸ਼ੇਸ਼ ਸਾਂਭੇ ਪਏ ਹਨ।

ਪੰਜਾਬ ਦੇ ਲੋਕ ਧਰਮ ਦੀ ਇਹ ਸਮਰਿਧ ਪਰੰਪਰਾ ਪੂਜਾ ਅਸਥਾਵਾਂ, ਲੋਕ ਵਿਸ਼ਵਾਸਾਂ, ਰੀਤਾਂ, ਰਸਮਾਂ ਤੇ ਪੂਜਾ ਵਿਧੀਆਂ ਸਭਨਾਂ ਪੱਖਾਂ ਤੋਂ ਅਨੇਕਮੁਖੀ ਅਤੇ ਬਹੁਵੰਨੀ ਰਹੀ ਹੈ। ਸੋ ਪੰਜਾਬ ਦਾ ਲੋਕ ਧਰਮ ਇਕ ਬਹੁਪੱਧਤੀਆਂ ਵਾਲੇ ਪੂਜਾ ਵਿਧਾਨ ਨਾਲ ਸੰਬੰਧਿਤ ਹੈ। ਇਨ੍ਹਾਂ

ਨਿਰਮਾਣ ਹੋਇਆ ਅਤੇ ਇਕ ਸਮਰਿੱਧ ਹਿੰਦੂ ਸੰਸਕ੍ਰਿਤੀ ਵਿਚ ਬਹੁਦੇਵਵਾਦ ਦੀ ਲੋਕ ਧਾਰਮਿਕ ਪਰੰਪਰਾ ਹੋਂਦ ਵਿਚ ਆ ਗਈ।

ਉੱਤਰ ਵੈਦਿਕ ਕਾਲ ਵਿਚ ਕਰਮਕਾਂਡ ਲੋਕ ਧਰਮ ਦੀ ਆਧਾਰਸ਼ਿਲਾ ਬਣੇ। ਇਸ ਲੋਕ ਧਾਰਮਿਕ ਪਰੰਪਰਾ ਦੇ ਨਿਰਮਾਣ ਵਿਚ ਗੈਰ ਵੈਦਿਕ ਜਾਂ ਪੂਰਵ ਵੈਦਿਕ ਪੂਜਾ ਪ੍ਰਣਾਲੀਆਂ ਦਾ ਮਹੱਤਵਪੂਰਨ ਯੋਗਦਾਨ ਹੈ। ਭਾਵੇਂ ਆਰੀਅਨ ਜਾਤੀ ਦੇ ਲੋਕ ਬਾਹਰੋਂ ਆਏ ਸਨ ਪਰ ਇਥੇ ਪੱਕੇ ਤੌਰ 'ਤੇ ਵਸਣ ਤੋਂ ਬਾਅਦ ਵਿਚ ਉਨ੍ਹਾਂ ਨੇ ਪੰਜਾਬ ਦੀ ਧਰਤੀ ਅਤੇ ਲੋਕਾਂ ਵਿਚਲੀਆਂ ਪ੍ਰਚਲਿਤ ਪਹਿਲੀਆਂ ਆਸਥਾਵਾਂ ਅਤੇ ਪੂਜਾ ਪੱਧਤੀਆਂ ਨੂੰ ਅਪਣਾ ਲਿਆ। ਇਸ ਤਰ੍ਹਾਂ ਇਕ ਵਿਸ਼ਾਲ, ਬਹੁ-ਬਿਧ ਤੇ ਬਹੁਰੰਗੀ ਲੋਕ ਧਾਰਮਿਕ ਪੂਜਾ ਪ੍ਰਣਾਲੀ ਦਾ ਨਿਰਮਾਣ ਉੱਤਰ ਵੈਦਿਕ ਕਾਲ ਵਿਚ ਹੋਇਆ।

ਮੱਧਕਾਲ ਵਿਚ ਪੰਜਾਬ ਦੇ ਲੋਕ ਧਰਮ ਦੀ ਪਰੰਪਰਾ ਇਕ ਵੱਖਰੇ ਇਤਿਹਾਸਕ ਕਾਲ ਵਿਚ ਪ੍ਰਵੇਸ਼ ਕਰਦੀ ਹੈ। ਇਸ ਪੜਾਅ 'ਤੇ ਆ ਕੇ ਇਸ ਪ੍ਰਬੰਧ ਵਿਚ ਪੀਰ ਫ਼ਕੀਰ ਪੂਜਾ ਦਾ ਪੂਰਾ ਵਿਧਾਨ ਸਮਿਲਤ ਹੋ ਜਾਂਦਾ ਹੈ।

ਜਿਥੇ ਪੰਜਾਬ ਦੀ ਧਰਤੀ ਉੱਤੇ ਪੰਜਾਬ ਦੀ ਲੋਕ ਧਰਮ ਦੀ ਪਰੰਪਰਾ ਵਿਚ ਦੇਵੀ ਪੂਜਾ, ਦੇਵ ਪੂਜਾ, ਪ੍ਰਕਿਰਤੀ ਪੂਜਾ, ਰੁੱਖ ਪੂਜਾ ਅਤੇ ਜੀਵ ਜੰਤੂਆਂ ਦੇ ਨਾਲ-ਨਾਲ ਪਿਤਰ ਪੂਜਾ ਮੌਜੂਦ ਸੀ ਉਥੇ ਮੱਧਕਾਲ ਵਿਚ ਸਾਮੀ ਸੰਸਕ੍ਰਿਤੀ ਦੇ ਪ੍ਰਭਾਵ ਨਾਲ ਸਾਡੇ ਲੋਕ ਧਰਮ ਵਿਚ ਪੀਰ ਫ਼ਕੀਰ ਅਤੇ ਸੂਫ਼ੀ ਮਾਨਤਾਵਾਂ ਦੀ ਪਰੰਪਰਾ ਜੁੜੀ। ਬਹੁਤ ਸਾਰੀਆਂ ਖਾਨਗਾਹਾਂ, ਤਕੀਏ ਤੇ ਪੀਰਗਾਹਾਂ ਜਿਹੜੀਆਂ ਪੀਰਾਂ ਫ਼ਕੀਰਾਂ ਅਤੇ ਸੂਫ਼ੀਆਂ ਨਾਲ ਸੰਬੰਧਿਤ ਸਨ, ਹੋਂਦ ਵਿਚ ਆਈਆਂ।

ਇਸ ਲਈ ਮੱਧਕਾਲ ਵਿਚ ਵੈਦਿਕ ਪਰੰਪਰਾਵਾਂ ਅਤੇ ਸਾਮੀ ਪਰੰਪਰਾਵਾਂ ਦੇ ਇਸ ਇਤਿਹਾਸਕ ਰੁਪਾਂਤਰਣ ਵਿਚੋਂ ਪੰਜਾਬ ਵਿਚ ਤੀਜੀ ਪ੍ਰਕਾਰ ਦੀ ਸਭਿਆਚਾਰਕ ਪ੍ਰਕਿਰਿਆ ਹੋਂਦ ਵਿਚ ਆਈ ਜਿਸ ਸਦਕਾ ਪੰਜਾਬ ਵਿਚ ਲੋਕ ਧਰਮ ਦੀਆਂ ਪਰੰਪਰਾਵਾਂ ਇਕ ਅਸਲੋਂ ਹੀ

ਪ੍ਰਕਿਰਤੀ ਦੇ ਪੰਜ ਮੂਲ ਤੱਤਾਂ ਅੱਗ, ਪਾਣੀ, ਧਰਤੀ, ਆਕਾਸ਼, ਹਵਾ ਆਦਿ ਦੇ ਪੂਜਾ ਵਿਧਾਨ ਬਾਰੇ ਵਿਸਤ੍ਰਿਤ ਚਰਚਾ ਕਰਕੇ ਇਨ੍ਹਾਂ ਦੇ ਮਾਨਵ ਸ਼ਾਸਤਰੀ ਪੱਖਾਂ ਵਲ ਸੰਕੇਤ ਕੀਤੇ ਹਨ। ਪ੍ਰਕਿਰਤੀ ਕੇਂਦਰਤ ਲੋਕ ਇਸ਼ਟਾਂ ਦੇ ਦੂਜੇ ਵਰਗ ਵਿਚ ਬਨਸਪਤੀ ਪੂਜਾ ਆਉਂਦੀ ਹੈ ਅਤੇ ਤੀਜੇ ਵਰਗ ਵਿਚ ਜੀਵ ਜਗਤ ਦੀ ਪੂਜਾ ਨੂੰ ਰੱਖਿਆ ਗਿਆ ਹੈ।

ਪੰਜਾਬ ਦੇ ਲੋਕ ਧਰਮ ਵਿਚ ਮਾਨਵ ਕੇਂਦਰਤ ਲੋਕ ਇਸ਼ਟਾਂ ਦੇ ਅੱਗੋਂ ਪੰਜ ਵਰਗ ਬਣਦੇ ਹਨ। ਇਹ ਹਨ : ਦੇਵੀ ਪੂਜਾ, ਪੌਰਾਣਿਕ ਵਿਅਕਤੀਆਂ ਦੀ ਪੂਜਾ, ਪਿਤਰ ਪੂਜਾ, ਗ੍ਰਾਮ ਦੇਵਤੇ ਅਤੇ ਪੀਰ ਫ਼ਕੀਰ ਪੂਜਾ। ਪੰਜਾਬ ਦੇ ਲੋਕ ਧਰਮ ਦੀ ਇਹ ਸ਼੍ਰੇਣੀ ਸਾਡੇ ਖੋਜ ਵਿਸ਼ੇ ਨਾਲ ਵਿਵਹਾਰਕ ਪੱਧਰ ਉੱਤੇ ਸਿੱਧੀ ਸੰਬੰਧਿਤ ਨਹੀਂ ਹੈ। ਪਰ ਇਹ ਪੰਜਾਬ ਦੇ ਲੋਕ ਧਰਮ ਦੀ ਪਰੰਪਰਾ ਦਾ, ਅਜੋਕੇ ਸਮੇਂ ਵਿਚ, ਪਹਿਲੀ ਸ਼੍ਰੇਣੀ ਨਾਲੋਂ ਵੀ ਵੱਧ ਮਹੱਤਵਪੂਰਨ ਅੰਗ ਹੈ।

ਪੰਜਾਬ ਦੇ ਲੋਕ ਧਰਮ ਦੀਆਂ ਪੂਜਾ ਵਿਧੀਆਂ ਨੂੰ ਸੰਰਚਨਾਤਮਕ ਆਧਾਰ ਉੱਤੇ ਵੰਡਦਿਆਂ ਪਹਿਲਾ ਆਧਾਰ ਲੋਕ ਇਸ਼ਟਾਂ ਦਾ ਬਣਦਾ ਹੈ। ਇਸ ਵੰਡ ਅਨੁਸਾਰ ਇਕ ਪਾਸੇ ਪ੍ਰਕਿਰਤੀ ਕੇਂਦਰਤ ਲੋਕ ਇਸ਼ਟ ਅਤੇ ਦੂਜੇ ਪਾਸੇ ਮਾਨਵ ਕੇਂਦਰਤ ਲੋਕ ਇਸ਼ਟ ਆਉਂਦੇ ਹਨ। ਇਸਦਾ ਜ਼ਿਕਰ ਉਪਰ ਕਰ ਆਏ ਹਾਂ। ਦੂਜਾ ਆਧਾਰ ਪੂਜਾ ਦੀ ਅਨੁਸ਼ਠਾਨਿਕ ਸਮੱਗਰੀ ਅਨੁਸਾਰ ਹੋਵੇਗਾ। ਪੂਜਾ ਦੀ ਸਮੱਗਰੀ ਦੇ ਆਧਾਰ ਉੱਤੇ ਪੰਜਾਬ ਦੇ ਲੋਕ ਧਰਮ ਦੇ ਸੱਤ ਉਪ ਵਰਗ ਬਣਦੇ ਹਨ। ਇਹ ਹਨ: ਕੱਚੇ ਅਨਾਜ ਜਾਂ ਕੱਚੀ ਸਮੱਗਰੀ, ਪੱਕੇ ਅਨਾਜ ਜਾਂ ਅਨੁਸ਼ਠਾਨਕ ਭੋਜਨ, ਸ਼ਿੰਗਾਰ ਵਸਤਾਂ, ਅਗਨੀ, ਹਰਿਆਵਲ, ਪਾਣੀ, ਬਲੀ। ਸੰਰਚਨਾਤਮਕ ਦ੍ਰਿਸ਼ਟੀ ਤੋਂ ਲੋਕ ਧਰਮ ਦੀਆਂ ਪੂਜਾ ਵਿਧੀਆਂ ਨੂੰ ਵੰਡਣ ਦਾ ਤੀਸਰਾ ਆਧਾਰ ਪੂਜਾ ਵਿਧੀਆਂ ਦੇ ਨਿਭਾਉ ਦੇ ਸੰਦਰਭਾਂ ਦਾ ਬਣਦਾ ਹੈ।

ਅਸੀਂ ਆਪਣੇ ਖੋਜ ਕਾਰਜ ਵਿਚ ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਨੂੰ ਮੁੱਖ ਤੌਰ 'ਤੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ। ਪਹਿਲਾ ਪੰਜ ਤੱਤਾਂ ਨਾਲ ਸੰਬੰਧਿਤ ਪੂਜਾ ਵਿਧੀਆਂ, ਦੂਜਾ ਜੀਵ ਜਗਤ ਨਾਲ ਸੰਬੰਧਿਤ ਪੂਜਾ ਵਿਧੀਆਂ ਅਤੇ ਤੀਜਾ ਬਨਸਪਤੀ ਜਗਤ ਨਾਲ

ਇਕ ਪਾਸੇ ਮਨੁੱਖ ਦੇ ਮੂਲ ਭੋਜਨ ਜਿਵੇਂ ਛੋਲੇ, ਮਾਂਹ, ਚਾਵਲ, ਅਨਾਜ ਆਦਿ ਨਾਲ ਸੰਬੰਧਿਤ ਹੈ ਅਤੇ ਦੂਸਰੇ ਪਾਸੇ ਸੰਧੂਰ, ਹਲਦੀ, ਮੌਲੀ ਆਦਿ ਸਮੱਗਰੀ ਉਸ ਦੇ ਚਾਵਾਂ, ਖੁਸ਼ੀਆਂ, ਉਮੰਗਾਂ ਅਤੇ ਜੀਵਨ ਉਲਾਸ ਨੂੰ ਦਰਸਾਉਂਦੀ ਹੈ। ਇਸ ਤਰ੍ਹਾਂ ਇਹ ਪੰਜ ਤੱਤਾਂ ਦੀ ਸੰਕਲਪਨਾ ਮਨੁੱਖ ਅਤੇ ਪ੍ਰਕਿਰਤੀ ਨੂੰ ਇਕ ਸਮਤੋਲ ਵਿਚ ਰੱਖਣ ਦੀ ਸੂਚਕ ਹੈ। ਮਨੁੱਖ ਦਾ ਪੰਚ ਭੂਤਕ ਸਰੀਰ ਪ੍ਰਕਿਰਤੀ ਵਿਚੋਂ ਉਪਜਦਾ ਹੈ ਅਤੇ ਪ੍ਰਕਿਰਤੀ ਵਿਚ ਹੀ ਸਮਾ ਜਾਂਦਾ ਹੈ। ਇਹ ਲੋਕ ਦਰਸ਼ਨ ਮਨੁੱਖ ਨੂੰ ਇਹ ਸਬਕ ਦਿੰਦਾ ਹੈ ਕਿ ਮਨੁੱਖ ਦਾ ਆਦਿ ਤੇ ਅੰਤ ਪ੍ਰਕਿਰਤੀ ਹੈ। ਮਨੁੱਖ ਪ੍ਰਕਿਰਤੀ ਦਾ ਅਨਿੱਖੜ ਅੰਗ ਹੈ।

ਸਭਿਅਤਾ ਦੇ ਅਗਲੇਰੇ ਪੜਾਵਾਂ ਉੱਤੇ ਇਹ ਜੀਵ-ਜੰਤੂ, ਪਸ਼ੂ-ਪੰਛੀ ਅਤੇ ਬਨਸਪਤੀ ਉਸ ਦੇ ਟੋਟਮ ਅਤੇ ਟੈਬੂ ਦਾ ਹਿੱਸਾ ਬਣਦੇ ਗਏ। ਮਨੁੱਖ ਨੇ ਆਪਣੇ ਜੀਵਨ ਦੀ ਸਥਿਤੀ ਅਤੇ ਇਨ੍ਹਾਂ ਜੀਵਾਂ ਦੀ ਉਪਯੋਗਤਾ ਦੇ ਅਨੁਸਾਰ ਇਨ੍ਹਾਂ ਨੂੰ ਵਿਸ਼ੇਸ਼ ਕਿਸਮ ਦੇ ਸੰਕਲਪਾਂ ਅਤੇ ਵਿਸ਼ਵਾਸਾਂ ਵਿਚ ਬੰਨ੍ਹਿਆ ਹੈ। ਮਾਨਵ ਵਿਗਿਆਨੀਆਂ ਦਾ ਵਿਚਾਰ ਹੈ ਕਿ ਸੈਂਕੜੇ ਸਦੀਆਂ ਤੱਕ ਮਨੁੱਖ ਪਸ਼ੂ ਪਾਲ ਅਵਸਥਾ ਵਿਚ ਵਿਚਰਦਾ ਰਿਹਾ। ਖ਼ੇਤੀ ਦੇ ਨਾਲ-ਨਾਲ ਪਾਲਤੂ ਪਸ਼ੂ ਉਸ ਦੇ ਜੀਵਨ ਦਾ ਸਹਿਜ ਅੰਗ ਬਣਦੇ ਚਲੇ ਗਏ।

ਮਨੁੱਖ ਦੇ ਵਿਸ਼ਾਲ ਪ੍ਰਕਿਰਤਕ ਚੌਗਿਰਦੇ ਵਿਚ ਮਿਲਦੇ ਜੀਵ-ਜਗਤ (ਜਾਨਵਰਾਂ, ਪੰਛੀਆਂ ਅਤੇ ਜੀਵ-ਜੰਤੂਆਂ) ਨਾਲ ਉਸ ਦਾ ਦੋ ਤਰ੍ਹਾਂ ਨਾਲ ਵਾਹ ਪਿਆ। ਇਕ ਉਹ ਜੀਵ ਜੋ ਉਸ ਲਈ ਉਪਯੋਗੀ ਅਤੇ ਲਾਭਕਾਰੀ ਸਨ, ਦੂਜੇ ਉਹ ਜੋ ਉਸ ਲਈ ਮਾਰੂ ਅਤੇ ਹਾਨੀਕਾਰਕ ਸਨ। ਇਸ ਲਈ ਜੀਵਨ ਵਿਚ ਇਨ੍ਹਾਂ ਪਸ਼ੂ, ਪੰਛੀਆਂ ਅਤੇ ਜੀਵ-ਜੰਤੂਆਂ ਦੀ ਲੋੜ ਕਾਰਨ ਉਸ ਨੇ ਇਨ੍ਹਾਂ ਨੂੰ ਆਪਣੀ ਜੀਵਨ ਸੰਕਲਪਨਾ ਨਾਲ ਜੋੜਿਆ। ਜਿਥੇ ਖ਼ੂੰ-ਖਾਰ ਜੰਗਲੀ ਜੀਵ ਉਸ ਲਈ ਘਾਤਕ ਸਨ ਉਥੇ ਪਾਲਤੂ ਜਾਨਵਰ, ਉਸ ਲਈ ਸਹਿਯੋਗੀ ਸਨ। ਇਸ ਲਈ ਪ੍ਰਕਿਰਤਕ ਜੀਵਾਂ ਨਾਲ ਸੰਬੰਧਿਤ ਪੂਜਾ ਵਿਧੀਆਂ ਤੋਂ ਪਤਾ ਲਗਦਾ ਹੈ ਕਿ ਮਨੁੱਖ ਨੇ ਪ੍ਰਮੁੱਖ ਤੌਰ 'ਤੇ ਖ਼ੂੰ-ਖਾਰ ਜਾਨਵਰਾਂ ਦੀ ਥਾਂ ਪਾਲਤੂ ਪਸ਼ੂਆਂ ਨੂੰ ਆਪਣੇ ਪੂਜਾ ਦੇ ਚਿੰਨ੍ਹਾਂ ਵਜੋਂ

ਜੀਵਾਂ ਦੀ ਪੂਜਾ ਦੀ ਇਹ ਪਰੰਪਰਾ ਪੂਰਵ ਇਤਿਹਾਸਕ ਕਾਲ ਤੱਕ ਜਾਂਦੀ ਹੈ ਕਿਉਂਕਿ ਜੀਵ ਪੂਜਾ ਵਿਚ ਜੋ ਸੰਕਲਪ, ਸਮੱਗਰੀ ਅਤੇ ਵਿਧੀ ਦਾ ਵਿਧਾਨ ਅਪਣਾਇਆ ਜਾਂਦਾ ਹੈ। ਉਸਦਾ ਮੂਲ ਆਧਾਰ ਸਰਵ ਚੇਤਨਾਵਾਦ ਦਾ ਸਿਧਾਂਤ ਹੈ।

ਸਭਿਅਤਾਵਾਂ ਦੇ ਵਿਕਾਸ ਦੇ ਨਿਵੇਰੇ ਅਤੇ ਮੁੱਢਲੇ ਪੜਾਅ 'ਤੇ ਮਨੁੱਖ ਲਈ ਪ੍ਰਕਿਰਤੀ ਦੀ ਹਰ ਵਸਤੂ ਅਤੇ ਵਰਤਾਰਾ ਰਹੱਸ ਭਰਿਆ ਸੀ। ਜਾਦੂ-ਚੇਤਨਾ ਨੇ ਮਨੁੱਖ ਨੂੰ ਇਹ ਸੂਝ ਦਿੱਤੀ ਕਿ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਕਿਸੇ ਰਹੱਸਮਈ ਹੋਂਦ ਵਿਚ ਬੱਝੇ ਹੋਏ ਹਨ। ਬਨਸਪਤੀ ਦੀ ਪੂਜਾ ਮਨੁੱਖ ਅਤੇ ਪ੍ਰਕਿਰਤੀ ਵਿਚਾਲੇ ਉਪਰੋਕਤ ਸੰਬੰਧਾਂ ਦੇ ਆਧਾਰ 'ਤੇ ਹੀ ਉਸਰੀ ਹੋਈ ਹੈ। ਪੰਜਾਬ ਵਿਚ ਬ੍ਰਿਛਾਂ-ਬੂਟਿਆਂ ਦੀ ਪੂਜਾ ਪਰਾਇਤਿਹਾਸਕ ਕਾਲ ਤੋਂ ਹੀ ਚਲੀ ਆ ਰਹੀ ਹੈ। ਇਸ ਦਾ ਆਰੰਭ ਕਦੋਂ ਹੋਇਆ, ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਮਾਨਵ ਵਿਗਿਅਨੀਆਂ ਦਾ ਮੱਤ ਹੈ ਕਿ ਸਰਵਚੇਤਨਵਾਦ ਦੇ ਸਿਧਾਂਤ ਨਾਲ ਹੀ ਬਨਸਪਤੀ ਦੀ ਪੂਜਾ ਦਾ ਮੁੱਢ ਬੱਝਾ ਹੋਵੇਗਾ। ਮਨੁੱਖ ਦੇ ਪ੍ਰਕਿਰਤਕ ਚੌਗਿਰਦੇ ਵਿਚ ਬ੍ਰਿਛ-ਬੂਟੇ, ਰੁੱਤਾਂ ਤੇ ਮੌਸਮਾਂ ਅਨੁਸਾਰ ਰੰਗ ਵਟਾਉਂਦੇ ਰਹੇ ਹਨ। ਇਸ ਲਈ ਇਨ੍ਹਾਂ ਦੀ ਰੂਪ ਵਟਾਉਂਦੀ ਲੀਲ੍ਹਾ ਨੂੰ ਵੇਖ ਕੇ ਹੀ ਮਨੁੱਖ ਨੂੰ ਇਨ੍ਹਾਂ ਅੰਦਰ ਆਪਣੇ ਵਰਗੀ ਜੀਵ-ਚੇਤਨਾ ਦਾ ਅਹਿਸਾਸ ਹੋਇਆ ਹੋਵੇਗਾ। ਜੀਵਵਾਦ ਦੀ ਇਸ ਸੋਝੀ ਦੁਆਰਾ ਮਨੁੱਖ ਨੇ ਪ੍ਰਕਿਰਤੀ ਦਾ ਅੰਗ ਬਣ ਕੇ ਓਟ ਆਸਰਾ ਪ੍ਰਾਪਤ ਕੀਤਾ ਹੋਵੇਗਾ। ਪੰਜਾਬ ਦੇ ਲੋਕਧਰਮ ਵਿਚ ਰੁੱਖਾਂ-ਬੂਟਿਆਂ ਦੀ ਪੂਜਾ ਨਾਲ ਸੰਬੰਧਿਤ ਰੂੜ੍ਹੀਆਂ ਨਿਸ਼ਚੇ ਹੀ ਪੂਰਵ ਆਰੀਅਨ ਜੀਵਨ ਵਿਵਸਥਾ ਵੱਲ ਸੰਕੇਤ ਕਰਦੀਆਂ ਹਨ।

ਪੰਜਾਬ ਦੇ ਲੋਕ ਧਰਮਾਂ ਵਿਚ ਬਨਸਪਤੀ ਦੀ ਪੂਜਾ ਪੂਰਵ ਵੈਦਿਕ ਕਾਲ ਵਿਚ ਹੀ ਆਰੰਭ ਹੋ ਗਈ ਸੀ ਪਰ ਬਾਅਦ ਵਿਚ ਰਚੇ ਗਏ ਉੱਤਰ ਵੈਦਿਕ ਸਾਹਿਤ ਵਿਚ ਇਨ੍ਹਾਂ ਬ੍ਰਿਛਾਂ-ਬੂਟਿਆਂ ਦੀ ਮਹਿਮਾ ਦਾ ਭਰਪੂਰ ਗਾਨ ਹੋਇਆ ਜਿਨ੍ਹਾਂ ਦੀ ਉਸਤਤੀ ਵਿਚ ਸੈਂਕੜੇ ਮੰਤਰ ਉਚਾਰੇ ਗਏ ਹਨ।